ਦਫਤਰ:- ਉਪ ਮੰਡਲ ਅਫਸਰ, ਪੰਚਾਇਤੀ ਰਾਜ ਲੋਕ ਨਿਰਮਾਣ,

ਸਾਹਿਬਜਾਦਾ ਅਜੀਤ ਸਿੰਘ ਨਗਰ

E-mail-sdoprdsas.2@gmail.com

ਸੇਵਾ ਵਿਖੇ,

ਪ੍ਰਿੰਸੀਪਲ,
ਸ਼ਹੀਦ ਬਾਬੂ ਸਿੰਘ ਪਬਲਿਕ ਸਕੂਲ,
ਐਸ.ਏ.ਐਸ ਨਗਰ।

ਮੀਮੋ ਨੰ./ਉ.ਮ.ਅ/(ਪਰ)/ਸਾਅਸਨ/2026/ 664 ਮਿਤੀ/ 02/07/26

ਵਿਸ਼ਾ:- ਸਲਾਨਾ 2026-27 ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਜੀ ਦੀ ਪ੍ਰਤੀ ਬੇਨਤੀ ਪੱਤਰ ਨੰ. SBS/TEW/039/2026-27 ਮਿਤੀ :13.05.2026.

ਉਪਰੋਕਤ ਵਿਸ਼ੇ ਸਬੰਧੀ ਆਪ ਵੱਲੋਂ ਪੇਸ਼ ਕੀਤੇ ਨਕਸ਼ੇ ਅਨੁਸਾਰ ਸਕੂਲ ਦੀ ਬਿਲਡਿੰਗ ਦਾ ਮੁਆਇਨਾ ਸਬੰਧਤ ਜੇ.ਈ ਵੱਲੋਂ ਕੀਤਾ ਗਿਆ। ਇਮਾਰਤ ਉਪਲੱਬਧ ਡਾਕੂਮੈਂਟ ਦੇ ਆਧਾਰ'ਤੇ ਸ੍ਰੀ ਸੰਜੀਵ ਜੇ.ਈ ਦੀ ਰਿਪੋਰਟ ਮੁਤਾਬਕ ਠੀਕ ਹੈ। ਇਸ ਲਈ ਆਪ ਜੀ ਦੇ ਸਕੂਲ ਦੀ ਬਿਲਡਿੰਗ ਨੂੰ ਸਾਲ 2026-27 ਲਈ ਸੇਫਟੀ ਸਰਟੀਫਿਕੇਟ ਇਨ੍ਹਾਂ ਸ਼ਰਤਾਂ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1. ਆਪ ਇਸ ਸਮੇਂ ਦੌਰਾਨ ਇਸ ਬਿਲਡਿੰਗ ਦੇ ਪੇਸ਼ ਕੀਤੇ ਨਕਸ਼ੇ ਵਿੱਚ ਕੋਈ ਵਾਧਾ ਜਾਂ ਤਰਮੀਮ ਨਹੀਂ ਕਰੋਗੇ।
2. ਜੇਕਰ ਆਪ ਵੱਲੋਂ ਇਸ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਜਾਂ ਤਰਮੀਮ ਕੀਤੀ ਜਾਂਦੀ ਹੈ ਤਾਂ ਇਹ ਕਿਸੇ ਸਰਟੀਫਾਇਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਇਆ ਜਾਵੇ। ਕੰਮ ਮੁਕੰਮਲ ਹੋਣ ਉਪਰੰਤ ਸਬੰਧਤ ਅਧਿਕਾਰੀ ਤੋਂ ਇਸ ਦਾ ਸਰਟੀਫਿਕੇਟ ਦੁਬਾਰਾ ਲਿਆ ਜਾਵੇ ਅਤੇ ਇਸ ਦਫਤਰ ਨੂੰ ਸੂਚਨਾ ਦਿੰਦਿਆਂ ਹੋਇਆਂ ਕਰਵਾਇਆ ਜਾਵੇ।
3. ਜੇ ਬਿਲਡਿੰਗ ਹੜਾਂ ਜਾਂ ਕਿਸੇ ਕੁਦਰਤੀ ਕਾਰਨਾਂ/ਆਫਤਾਂ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਦਾ ਹੈ ਤਾਂ ਇਸ ਦਫਤਰ ਨੂੰ ਫੋਰੀ ਤੌਰ ਤੇ ਸੂਚਨਾ ਦੇਣ ਦੀ ਅਤੇ ਬਿਲਡਿੰਗ ਦੀ ਤੁਰੰਤ ਰੀ-ਇੰਨਸਪੈਕਸ਼ਨ ਦੀ ਨਿਰੋਲ ਜਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ।
4. ਇਮਾਰਤ ਦਾ ਮਾਲਕ/ਜਾਂ ਬਿਨੈਕਾਰ ਇਸ ਰਿਪੋਰਟ ਦੇ ਬਾਵਜੂਦ ਇਮਾਰਤ ਦੀ ਸੁਰੱਖਿਆ ਲਈ ਹਰ ਪਾਸੋਂ ਪੂਰੀ ਤਰ੍ਹਾਂ ਜਿੰਮੇਵਾਰ ਹੋਵੇਗਾ।
5. ਇਸ ਬਿਲਡਿੰਗ ਦੇ ਫਾਇਰ ਸੇਫਟੀ ਸਰਟੀਫਿਕੇਟ, ਦੀ ਮਿਆਦ 11.05.2029 ਤੱਕ ਹੈ ਇਸ ਤੋਂ ਬਾਅਦ ਫਾਇਰ ਸੇਫਟ ਸਰਟੀਫਿਕੇਟ ਨਵਾਂ ਬਣਾਇਆ ਜਾਵੇ। ਅਜਿਹਾ ਨਾ ਕਰਨ ਤੇ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।
6. ਬਿਜਲੀ ਦੇ ਕੰਮਾਂ ਬਾਰੇ ਵੱਖਰਾ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰਨਾ ਯਕੀਨੀ ਬਣਾਇਆ ਜਾਵੇ।
7. ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।
8. ਇਹ ਸਰਟੀਫਿਕੇਟ ਮਿਤੀ 31.03.2027 ਤੱਕ ਹੀ ਵੈਲਿਡ ਹੋਵੇਗਾ। ਇਹ ਸਰਟੀਫਿਕੇਟ ਕੇਵਲ ਬਿਲਡਿੰਗ ਨਾਲ ਸਬੰਧਤ ਹੈ। ਕੋਈ ਵੀ ਹੋਰ ਸੇਫਟੀ ਸਰਟੀਫਿਕੇਟ ਲੋੜ ਅਨੁਸਾਰ ਸਬੰਧਤ ਮਹਿਕਮੇ ਤੋਂ ਹਾਸਲ ਕਰਨਾ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।
8. ਜੇਕਰ ਸਕੂਲ ਵੱਲੋਂ ਸੇਫਟੀ ਨਾਲ ਸਬੰਧਤ ਕਿਸੀ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

Goyal

PRINCIPAL
Shaheed Babu Singh Public School
Tewar,S.A.S Nagar

ਉਪ ਮੰਡਲ ਅਫਸਰ (ਪਰ)
ਐਸ.ਏ.ਐਸ ਨਗਰ-2